BCM SCHOOL BASANT AVENUE DUGRI, LUDHIANA

ASSIGNMENT CLASS Vlll Punjabi

ਪ੍ਰਸ਼ਨ 1 ਅਣਡਿੱਠਾ ਪੈਰ੍ਹਾ

ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ-

ਢਾਕੇ ਦੀ ਵਧੀਆ ਮਲਮਲ ਦਾ ਇੱਕ ਇੰਚ ਕੱਪੜਾ ਬੁਣਨ ਲਈ 1400 ਧਾਗੇ ਵਰਤੇ ਜਾਂਦੇ ਸਨ ਅਤੇ ਉਸ ਤੋਂ ਘਟੀਆ ਮਲਮਲ ਦਾ ਇੱਕ ਇੰਚ ਕੱਪੜਾ 1800 ਧਾਗਿਆਂ ਨਾਲ ਬਣਦਾ ਸੀ। ਢਾਕੇ ਦੀ ਇਹ ਮਲਮਲ ਇੰਨੀ ਸੂਖਮ ਹੁੰਦੀ ਸੀ ਕਿ ਇਸ ਦਾ ਪੂਰਾ ਥਾਨ ਮੁੰਦਰੀ ਵਿੱਚੋਂ ਲੰਘ ਜਾਂਦਾ ਸੀ। 1857 ਈਸਵੀ ਦੇ ਵਿੱਚ ਐਡਵਰਡ ਸੱਤਵਾਂ ਭਾਰਤ ਆਇਆ ਜੋ ਉਦੋਂ ਪ੍ਰਿੰਸ ਆਫ ਵੇਲਜ਼ ਸੀ ਤਾਂ ਉਸਨੂੰ ਸਰ ਅਬਦੁਲ ਗਨੀ ਨੇ ਢਾਕੇ ਦੀ ਬਹੁਤ ਹੀ ਵਧੀਆ 30 ਗਜ਼ ਮਲਮਲ ਦਾ ਥਾਨ ਤੋਹਫੇ ਵਜੋਂ ਭੇਟ ਕੀਤਾ ਜਿਸ ਦਾ ਭਾਰ ਸਿਰਫ 300 ਗਰਾਮ ਸੀ। ਢਾਕੇ ਦੀ ਮਲਮਲ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਬਹੁਤ ਹੀ ਵਧੀਆ ਮੰਨਿਆ ਜਾਂਦਾ ਸੀ, ਕਿਹਾ ਜਾਂਦਾ ਹੈ ਕਿ ਮਿਸਰ ਦੇ ਬਾਦਸ਼ਾਹ ਫੈਰੋ ਸ਼ਾਹੀ ਮੰਮੀਆਂ ਦੇ ਲਪੇਟਣ ਲਈ ਢਾਕੇ ਦੀ ਮਲਮਲ ਹੀ ਵਰਤਦੇ ਸਨ। ਮਲਮਲ ਨੂੰ ਧੋਣ, ਉਸਦੇ ਵਲ ਕੱਢਣ ਅਤੇ ਇਸ ਨੂੰ ਚਮਕਾ ਕੇ ਇਸਦੀ ਦਿੱਖ ਨੂੰ ਸੁੰਦਰ ਬਣਾਉਣ ਵਿੱਚ ਢਾਕੇ ਦੇ ਧੋਬੀ ਬਹੁਤ ਨਿਪੁੰਨ ਸਨ | ਵਧੀਆ ਕਿਸਮ ਦੀ ਮਲਮਲ ਨੂੰ ਚਮਕਾਉਣ ਲਈ ਕੈਂਚ ਨਾ ਦੇ ਸਮੁੰਦਰੀ ਜੀਵਾਂ ਦੇ ਖੋਲਾਂ ਦੀ ਵਰਤੋਂ ਕੀਤੀ ਜਾਂਦੀ ਸੀ।

(ੳ) ਐਡਵਰਡ ਸੱਤਵਾਂ ਭਾਰਤ ਕਦੋਂ ਆਇਆ ਸੀ ?

A 1865 ਈਸਵੀ ਵਿੱਚ B 1875 ਈਸਵੀ ਵਿੱਚ C 1857 ਈਸਵੀ ਵਿੱਚ

D 1866 ਈਸਵੀ ਵਿੱਚ

(ਅ) ਮਲਮਲ ਨੂੰ ਦੇ ਪੂਰੇ ਥਾਨ ਦਾ ਕੱਪੜਾ ਕਿਸ ਵਿੱਚੋਂ ਲੰਘ ਜਾਂਦਾ ਸੀ ?

A ਚੂੜੀ ਵਿੱਚੋਂ B ਵੰਗ ਵਿੱਚੋਂ C ਮੁੰਦਰੀ ਵਿੱਚੋਂ D ਕੜੇ ਵਿੱਚੋਂ

(ੲ) ਢਾਕੇ ਦੀ ਮਲਮਲ ਕਿਹੜੇ ਪੱਧਰ ਤੇ ਵਧੀਆ ਮੰਨਿਆ ਜਾਂਦੀ ਸੀ ?

A ਰਾਸ਼ਟਰੀ B ਘਰੇਲੂ C ਅੰਤਰਰਾਸ਼ਟਰੀ D ਸਮਾਜਿਕ

2. ਹੇਠਾਂ ਦਿੱਤੇ ਕਾਵਿ-ਟੋਟੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲੱਭੋ-

ਮਾਰ-ਮਾਰ ਹਾਕਾਂ ਉਹਨੇ ਪੈਲੀਆਂ ਜਗਾਉਣੀਆਂ,

ਸਾਵੀਆਂ ਪੁਸ਼ਾਕਾਂ ਪਾ-ਪਾ ਸੁਹਣੀਆਂ ਸਜਾਉਣੀਆਂ।

ਬੇਲਿਆਂ ਤੇ ਬੰਜਰਾਂ ਨੂੰ ਜਾਊ ਰੰਗਦੀ,

ਲਾਲੀ ਜਿੱਥੇ ਪਊ ਉਹਦੇ ਅੰਗ-ਅੰਗ ਦੀ।

ਪਿੰਡਾਂ ਦੀਆਂ ਰੌਣਕਾਂ 'ਚ ਜਾਊ ਨੱਚਦੀ,

ਭਾਖੜੇ ਤੋਂ ਆਉਂਦੀ ਇੱਕ ਮੁਟਿਆਰ ਨੱਚਦੀ।

(ੳ) ਇਸ ਕਾਵਿ-ਟੋਟੇ ਵਿੱਚ ਕਿਸ ਦੀ ਗੱਲ ਕੀਤੀ ਗਈ ਹੈ ?

(ਅ) ਬਿਜਲੀ ਨੇ ਪੈਲੀਆਂ ਨੂੰ ਕਿਵੇਂ ਜਗਾਉਣਾ ਹੈ ?

2. ਪ੍ਰਸ਼ਨ -ਵਿਆਕਰਨ

1. ਸੰਬੰਧਕ ਦੀ ਪਰਿਭਾਸ਼ਾ ਲਿਖੋ?

2. ਸਿਆਣਾ ਵਿਅਕਤੀ ਹਮੇਸ਼ਾ ਸਮਝਦਾਰੀ ਨਾਲ ਗੱਲ ਕਰਦਾ ਹੈ।ਵਾਕ ਵਿੱਚ ਬੁੱਧੀਮਾਨ ਸ਼ਬਦ ਦਾ ਅਰਥ ਲੱਭ ਕੇ ਉਸਦਾ ਸਹੀ ਸਮਾਨਾਰਥਕ ਸ਼ਬਦ ਚੁਣੋ।

A ਅਕਲਮੰਦ B ਬੇਵਕੂਫ C ਸ਼ਰਮਸਾਰ D ਚਲਾਕ

3. ਸੱਚਾ ਵਿਅਕਤੀ ਹਮੇਸ਼ਾ ਨਿਡਰ ਹੋ ਕੇ ਸੱਚ ਦਾ ਸਾਥ ਦਿੰਦਾ ਹੈ। ਵਾਕ ਵਿੱਚ ਨਿਡਰ ਸ਼ਬਦ ਵਿੱਚ ਲੱਗਾ ਸਹੀ ਅਗੇਤਰ ਚੁਣੋ?

A ਨ B ਨਿ C ਨੀਏ D ਨਾ

5. ਮੁਹਾਵਰਾ (ਅਰਥ +ਵਾਕ )- ਗੰਢ ਭੇਜਣਾ

ਪ੍ਰਸ਼ਨ 3 - ਆਪਣੇ ਮਿੱਤਰ ਜਾਂ ਸਹੇਲੀ ਨੂੰ ਆਪਣੇ ਸਕੂਲ ਵਿੱਚ ਮਨਾਏ ਗਏ ਸੁਤੰਤਰਤਾ ਦਿਵਸ ਸਮਾਰੋਹ ਦਾ ਵਰਣਨ ਇੱਕ ਪੱਤਰ ਰਾਹੀਂ ਕਰੋ।

ਛੋਟੇ ਪ੍ਰਸ਼ਨ 4. 1.ਸ੍ਰਿਸ਼ਟੀ ਦੀ ਸ਼ਕਤੀ ਕੌਣ ਹੈ?

2. ਸ਼ਾਮ ਸ਼ਹਿਰ ਵਿੱਚ ਕਿਸ ਨਾਲ ਰਹਿੰਦਾ ਸੀ?

ਵੱਡੇ ਪ੍ਰਸ਼ਨ-5 1. ਹਿਰਨੀ ਤੇ ਚੀਕੂ ਨੇ ਭੇੜੀਏ ਨੂੰ ਕਿਵੇਂ ਧੱਕਾ ਦਿੱਤਾ ਤੇ ਉਸਦਾ ਕੀ ਨਤੀਜਾ ਨਿਕਲਿਆ ?

ਵੱਡਾ ਪ੍ਰਸ਼ਨ 6- ਰਮਨ ਅਤੇ ਅਮਨ ਦੇ ਸੁਭਾਅ ਵਿੱਚ ਅੰਤਰ ਲਿਖੋ?

ਪ੍ਰਸ਼ਨ 7 - 1.ਸ਼ਬਦ ਅਰਥ- ਬੁਲੰਦ,ਲਾਇਕ

2.ਵਿਰੋਧੀ ਸ਼ਬਦ- ਉਧਾਰ

3.**ਬਾਲ** ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ ।

4.ਲਿੰਗ ਬਦਲੋ -ਗਿੱਦੜ ਨੇ ਸ਼ੇਰ ਨੂੰ ਆਪਣੇ ਮਗਰ ਭਜਾਇਆ।